

ਪੰਜਾਬੀ ਜੈਨ ਸਾਹਿਤ ਦੀ ਪ੍ਰੇਰਿਕਾ

# ਜਿਨ ਸ਼ਾਸਨ ਪ੍ਰਭਾਵਿਕਾ, ਜੈਨ ਜਯੋਤੀ, ਉਪ-ਪਰਿਵਰਤਨੀ, ਸੰਥਾਰਾ ਸਾਧਿਕਾ ਸਾਧਵੀ ਸ਼੍ਰੀ ਸਵਰਣ ਕਾਂਤਾ ਜੀ ਮਹਾਰਾਜ

**(Bio Graphy of Inspiror Jain Nun Shree Swarn Kanta Ji Maharaj)**

- ਪੁਰਸ਼ੋਤਮ ਜੈਨ, ਰਵਿੰਦਰ ਜੈਨ, ਮਾਲੇਰਕੋਟਲਾ।

ਜੈਨ ਧਰਮ ਵਿਚ ਇਸਤਰੀ ਜਾਤੀ ਦਾ ਪ੍ਰਮੁੱਖ ਸਥਾਨ ਰਿਹਾ ਹੈ। ਹਰ ਤੀਰਥੰਕਰ ਸਾਧੂ, ਸਾਧ੍ਵੀ, ਉਪਾਸਕ, ਉਪਾਸਿਕਾ ਰੂਪੀ ਤੀਰਥ ਦੀ ਸਥਾਪਨਾ ਕਰਦਾ ਹੈ। ਹਰ ਤੀਰਥੰਕਰ ਦੇ ਸਮੇਂ ਹਜ਼ਾਰਾਂ ਇਸਤਰੀਆਂ ਨੇ ਵੀ ਪੁਰਸ਼ਾਂ ਦੇ ਨਾਲ ਤਪ ਤਿਆਗ ਦਾ ਮਾਰਗ ਗ੍ਰਹਿਣ ਕਰਕੇ ਆਤਮ ਕਲਿਆਣ ਕੀਤਾ ਹੈ। ਜੈਨ ਸ਼ਵੇਤਾਂਬਰ ਪਰੰਪਰਾ ਵਿਚ ਤਾਂ ਭਗਵਾਨ ਮੱਲੀ ਨਾਥ ਨੂੰ 19ਵਾਂ ਤੀਰਥੰਕਰ ਮੰਨਿਆ ਗਿਆ ਹੈ, ਜੋ ਕਿ ਇਸਤਰੀ ਸਨ, ਇਕੱਲੇ ਭਗਵਾਨ

ਮਹਾਵੀਰ ਦੀਆਂ 36000 ਸਾਧਵੀਆਂ ਸਨ। ਸੋ ਜੈਨ ਆਗਮਾਂ ਵਿਚ ਅਨੇਕਾਂ ਜੈਨ ਸਾਧਵੀਆਂ ਦੇ ਤਪ ਤਿਆਗ ਦਾ ਵਰਨਣ ਵਿਸਥਾਰ ਨਾਲ ਮਿਲਦਾ ਹੈ।

ਇਸੇ ਜੈਨ ਸਾਧਵੀ ਪਰੰਪਰਾ ਨੂੰ ਸੰਥਾਰਾ ਸਾਧਿਕਾ ਸਾਧਵੀ ਸ਼੍ਰੀ ਸਵਰਨਕਾਂਤਾ ਜੀ ਮਹਾਰਾਜ ਨੇ ਸਵੀਕਾਰ ਕੀਤਾ। ਆਪ ਦਾ ਜਨਮ ਪੰਜਾਬ ਦੇ ਇੱਕ ਪ੍ਰਸਿੱਧ ਜੈਨ ਘਰਾਣੇ ਵਿਚ 26 ਜਨਵਰੀ 1929 ਨੂੰ ਲਾਹੌਰ ਵਿਖੇ ਹੋਇਆ। ਆਪ ਦੇ ਪਿਤਾ ਸਵਰਗਵਾਸੀ ਸ਼੍ਰੀ ਖਜ਼ਾਨ ਚੰਦ ਜੈਨ ਸਨ ਅਤੇ ਮਾਤਾ ਸ਼੍ਰੀਮਤੀ ਦੁਰਗਾ ਦੇਵੀ ਜੀ ਸਨ। ਆਪ ਦੇ ਮਾਤਾ ਪਿਤਾ ਜੈਨ ਸਮਾਜ ਦੇ ਧਾਰਮਿਕ ਅਤੇ ਸਮਾਜਿਕ ਕਾਰਜਾਂ ਵਿਚ ਜੁੜੇ ਰਹਿੰਦੇ ਸਨ। ਆਪ ਦੇ ਮਾਤਾ ਜੀ, ਆਪ ਨੂੰ ਸਮਾਇਕ, ਮੁਨੀਆਂ ਦੇ ਪ੍ਰਵਚਨ ਅਤੇ ਹੋਰ ਸਵਾਧਿਆਏ ਕਰਨ ਦੀ ਪ੍ਰੇਰਣਾ ਦਿੰਦੇ ਰਹਿੰਦੇ ਸਨ। ਸ਼੍ਰੀ ਸਵਰਨਕਾਂਤਾ ਜੀ ਦਾ ਮਨ ਵੀ ਇਨ੍ਹਾਂ ਜੈਨ ਸੰਸਕਾਰਾਂ ਵਿਚ ਇੰਨਾ ਜੁੱਟ ਗਿਆ ਕਿ ਉਹ ਸੰਸਾਰ ਨੂੰ ਆਸਾਰ ਸਮਝਣ ਲੱਗੇ। ਆਪ ਨੇ ਬੜੀ ਛੋਟੀ ਜਿਹੀ ਉਮਰ ਵਿਚ ਹਿੰਦੀ ਦੀ ਪਹਿਲੀ ਜੈਨ ਇਸਤਰੀ ਲੇਖਿਕਾ ਮਹਾਸਾਧਵੀ ਪ੍ਰਵਰਤਨੀ ਸ਼੍ਰੀ ਪਾਰਵਤੀ ਜੀ ਮਹਾਰਾਜ ਦੇ ਦਰਸ਼ਨ ਕੀਤੇ ਸਨ। ਉਹਨਾਂ ਦੀ ਚੇਲੀ ਪ੍ਰਵਰਤਨੀ ਸ਼੍ਰੀ ਰਾਜਮਤੀ ਜੀ ਮਹਾਰਾਜ ਤੋਂ ਆਪ ਬਹੁਤ ਪ੍ਰਭਾਵਿਤ ਹੋਏ। ਆਪ ਨੇ ਜਲੰਧਰ ਛਾਵਨੀ ਵਿਖੇ ਛੋਟੀ ਜਿਹੀ ਉਮਰ ਵਿਚ ਹੀ ਖੰਡੇ ਰੂਪੀ ਜੈਨ ਸਾਧਵੀ ਭੇਸ ਧਾਰਨ ਕੀਤਾ। ਆਪ ਬਚਪਨ ਤੋਂ ਬੜੇ ਤੀਖਣ ਬੁੱਧੀ ਸਨ। ਛੇਤੀ ਆਪਣੇ ਅੰਗਰੇਜ਼ੀ, ਪੰਜਾਬੀ, ਹਿੰਦੀ, ਰਾਜਸਥਾਨੀ, ਗੁਜ਼ਰਾਤੀ, ਸੰਸਕ੍ਰਿਤ, ਪ੍ਰਾਕ੍ਰਿਤ ਭਾਸ਼ਾ ਦਾ ਗਿਆਨ ਹਾਸਲ ਕਰ ਲਿਆ। ਆਪ ਨੇ ਜੈਨ ਧਰਮ ਦੇ ਪ੍ਰਚਾਰ ਲਈ ਜੰਮੂ-ਕਸ਼ਮੀਰ, ਪੰਜਾਬ, ਹਰਿਆਣਾ, ਹਿਮਾਚਲ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿਚ ਭ੍ਰਮਣ ਕੀਤਾ। ਆਪ ਜੀ ਦੀ ਸ਼ੁਭ ਪ੍ਰੇਰਨਾ ਨਾਲ 25ਵੀਂ ਮਹਾਵੀਰ ਨਿਰਵਾਣ ਸ਼ਤਾਬਦੀ ਸਮਿਤੀ ਪੰਜਾਬ ਦਾ ਨਿਰਮਾਣ ਹੋਇਆ ਜਿਸ ਦੇ ਆਪ ਪ੍ਰਮੁੱਖ ਮਹਿਮਾਨ ਵੱਲੋਂ ਪੰਜਾਬ ਸਰਕਾਰ ਨੇ ਆਪ ਜੀ ਦਾ ਸਨਮਾਨ ਕੀਤਾ। ਜੈਨ ਚੇਅਰ ਵਰਗੇ ਵੱਡੇ-ਵੱਡੇ ਕੰਮ ਹੋਏ। ਨਾਲ ਨਾਲ ਪੰਜਾਬੀ ਵਿਚ ਜੈਨ ਸਾਹਿਤ ਦਾ ਕੰਮ ਵੀ ਸ਼ੁਰੂ ਹੋਇਆ। ਜੋ ਛੋਟੀਆਂ ਛੋਟੀਆਂ ਪੁਸਤਕਾਂ ਤੋਂ ਹਟ ਕੇ ਜੈਨ ਆਗਮਾਂ ਦੇ ਪੰਜਾਬੀ ਅਨੁਵਾਦ ਦਾ ਰੂਪ

ਧਾਰਨ ਕਰ ਗਿਆ। ਪਹਿਲਾ ਮੂਲ ਸੂਤਰ ਸ਼੍ਰੀ ਉਤਰਾਧਿਐਨ ਸੂਤਰ ਫਿਰ ਸ਼੍ਰੀ ਉਪਾਸਕ ਦਸ਼ਾਂਗ ਸੂਤਰ ਅਤੇ ਸ਼੍ਰੀ ਸੂਤਰ ਕ੍ਰਿਤਾਂਗ ਸੂਤਰ ਦਾ ਅਨੁਵਾਦ ਦਾਸ (ਮੇਰੇ) ਹੱਥੋਂ ਪੂਰਾ ਹੋਇਆ। ਇਸ ਪੁਸਤਕ ਦੀ ਛਪਾਈ ਦਾ ਸਾਰਾ ਖਰਚਾ ਵੀ ਆਪ ਜੀ ਦੀ ਪ੍ਰੇਰਣਾ ਨਾਲ ਆਪ ਦੇ ਉਪਾਸਕਾਂ ਨੇ ਕੀਤਾ ਹੈ। ਜੋ ਆਪ ਜੀ ਦੀ ਪ੍ਰੇਰਣਾ ਦਾ ਫਲ ਹੈ। ਆਪ ਜੀ ਦੀ ਪ੍ਰੇਰਣਾ ਸਦਕਾ ਪੰਜਾਬੀ ਭਾਸ਼ਾ ਵਿਚ 40 ਤੋਂ ਜ਼ਿਆਦਾ ਜੈਨ ਧਰਮ ਨਾਲ ਸਬੰਧਤ ਗ੍ਰੰਥ ਅਤੇ ਪੁਸਤਕਾਂ ਪ੍ਰਕਾਸ਼ਿਤ ਹੋਈਆਂ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪ ਨੂੰ ਆਚਾਰਿਆ ਆਤਮਾ ਰਾਮ ਭਾਸ਼ਨ ਮਾਲਾ ਵਿਚ ਭਾਸ਼ਨ ਲਈ ਬੁਲਾਇਆ ਅਤੇ ਜੈਨ ਚੇਅਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪ ਨੂੰ ਜਿਨ ਸ਼ਾਸਨ ਪ੍ਰਭਾਵਿਕਾ ਪਦਵੀ ਪ੍ਰਦਾਨ ਕੀਤੀ। ਆਪ ਨੇ ਅਨੇਕਾਂ ਲਾਇਬ੍ਰੇਰੀਆਂ ਅਤੇ ਪਰ ਉਪਕਾਰ ਦੇ ਕੰਮ ਕੀਤੇ। ਆਪਣਾ ਕੀਮਤੀ ਹੱਥ ਲਿਖਤ ਜੈਨ ਗ੍ਰੰਥ ਭੰਡਾਰ ਅਤੇ ਅਨੇਕਾਂ ਵੱਡਮੁੱਲੇ ਗ੍ਰੰਥ ਜੈਨ ਵਿਭਾਗ ਨੂੰ ਪ੍ਰਦਾਨ ਕੀਤੇ। ਸਿੱਟੇ ਵਜੋਂ ਪੰਜਾਬੀ ਯੂਨੀਵਰਸਿਟੀ ਦੀ ਸੀਨੇਟ ਨੇ ਆਪ ਜੀ ਦਾ ਧੰਨਵਾਦ ਕੀਤਾ।

ਆਪ ਦੀ ਸਾਹਿਤਕ ਅਤੇ ਸਮਾਜਿਕ ਸਭਾਵਾਂ ਸਦਕਾ ਭਾਰਤ ਦੇ ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਆਪ ਨੂੰ ਜੈਨ ਜਯੋਤੀ ਪਦ ਨਾਲ ਸਨਮਾਨਿਤ ਕੀਤਾ। ਆਪ ਮਹਾਨ ਸਮਾਜ ਸੁਧਾਰਕ ਸਾਧਵੀ ਸਨ। ਅਨੇਕਾਂ ਦੇਸ਼ੀ ਅਤੇ ਵਿਦੇਸ਼ੀ ਵਿਦਵਾਨ ਵੀ ਆਪ ਜੀ ਦੇ ਜੀਵਨ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕੇ ਜਿਨ੍ਹਾਂ ਵਿਚੋਂ ਪ੍ਰਸਿੱਧ ਜੈਨ ਵਿਦੂਸ਼ੀ ਡਾ. ਨਲਿਨੀ ਬਲਵੀਰ, ਮੈਡਮ ਸੀ.ਕਈਆ, ਡਾ. ਕਲਾਸ ਬਰੂਨ ਅਤੇ ਭਾਰਤ ਦੀ ਪ੍ਰਸਿੱਧ ਪੰਜਾਬੀ ਲੇਖਿਕਾ ਅੰਮ੍ਰਿਤਾ ਪ੍ਰੀਤਮ ਦੇ ਨਾਂਅ ਪ੍ਰਮੁੱਖ ਹਨ। ਆਪ ਨੇ ਪੰਜਾਬੀ ਭਾਸ਼ਾ ਵਿਚ ਅਨਮੋਲ ਵਚਨ ਨਾਂ ਦਾ ਗ੍ਰੰਥ ਲਿਖਿਆ ਹੈ। ਆਪ ਦਾ ਜੀਵਨ ਚਾਰਿੱਤਰ ਜੋ ਕਿ ਹਿੰਦੀ ਭਾਸ਼ਾ ਵਿਚ ਮਹਾਂਸ਼੍ਰਮਣੀ (ਲੇਖਕ ਰਵਿੰਦਰ ਜੈਨ, ਪੁਰਸ਼ੋਤਮ ਜੈਨ) ਨਾਂ ਹੇਠ ਛਪਿਆ ਹੈ। ਉਸ ਪੁਸਤਕ ਦੀ ਭੂਮਿਕਾ ਖੁਦ ਭਾਰਤ ਦੇ ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ

ਨੇ ਲਿਖੀ ਸੀ। ਜੈਨ ਸਾਧਵੀ ਪ੍ਰੰਪਰਾ ਵਿਚ ਇਹ ਸਭ ਪਹਿਲੀ ਵਾਰ ਹੋਇਆ ਜਦੋਂ ਕਿਸੇ ਸਾਧਵੀ ਨੂੰ ਵਿਸ਼ਵਵਿਦਿਆਲੇ ਨੇ ਜੈਨ ਧਰਮ ਤੇ ਭਾਸ਼ਨ ਕਰਨ ਲਈ ਬੁਲਾਇਆ ਹੋਵੇ। ਕਿਸੇ ਜੈਨ ਸਾਧਵੀ ਦਾ ਉਸ ਦੀ ਗੈਰ-ਹਾਜ਼ਰੀ ਵਿਚ ਰਾਸ਼ਟਰਪਤੀ ਸਨਮਾਨ ਕਰੇ। ਇਹ ਸਭ ਆਪ ਦੀ ਮਹਾਨਤਾ ਦਾ ਪ੍ਰਤੀਕ ਹਨ। ਆਪ ਉੱਤਰ ਭਾਰਤ ਦੀ ਪਹਿਲੀ ਸਾਧਵੀ ਸਨ ਜਿਨ੍ਹਾਂ ਦੇ 50ਵੇਂ ਦੀਕਸ਼ਾ ਦਿਵਸ ਤੇ ਆਪ ਨੂੰ 'ਅਭਿਨੰਦਨ ਗ੍ਰੰਥ' ਸ਼ਹਿਰ ਅੰਬਾਲਾ ਵਿਖੇ ਇੱਕ ਵਿਸ਼ਾਲ ਸਮਾਰੋਹ ਵਿਚ ਭੇਂਟ ਕੀਤਾ ਗਿਆ। ਆਪ ਨੇ ਜੈਨ ਪੁਰਾਤਨ ਹਸਤ-ਲਿਖਤਾਂ ਦੀਆਂ ਸੂਚੀਆਂ ਤਿਆਰ ਕਰਨ ਵਿਚ ਬਹੁਤ ਵੱਡਮੁੱਲਾ ਯੋਗਦਾਨ ਪਾਇਆ ਅਤੇ ਕਈ ਹਸਤ-ਲਿਖਤ ਗ੍ਰੰਥਾਂ ਦੀਆਂ ਸੂਚੀਆਂ ਤਿਆਰ ਕੀਤੀਆਂ।

ਗੁਰੂਣੀ ਜੀ ਗਰੀਬਾਂ, ਦੁਖੀਆਂ ਦੇ ਮਸੀਹਾ ਸਨ। ਹਰ ਸਮੇਂ ਪਰਉਪਕਾਰ ਵਿਚ ਜੁੱਟੇ ਰਹਿੰਦੇ ਸਨ। ਆਪ ਨੂੰ ਕਿਸੇ ਵੀ ਤਰ੍ਹਾਂ ਦੇ ਨਾਂ ਜਾਂ ਪਦਵੀ ਦੀ ਭੁੱਖ ਨਹੀਂ। ਆਪ ਵਿਰਕਤ ਆਤਮਾ ਹਨ। ਆਪ ਦਾ ਜਾਤ ਪਾਤ, ਛੂਆ ਛਾਤ, ਊਚ-ਨੀਚ, ਦਹੇਜ ਪ੍ਰਥਾ, ਨਸ਼ੇਬਾਜ਼ੀ, ਮਾਂਸਾਹਾਰ ਦੇ ਸਖ਼ਤ ਵਿਰੁੱਧ ਸਨ। ਉਨ੍ਹਾਂ ਦਾ ਜੀਵਨ ਭਗਵਾਨ ਮਹਾਵੀਰ ਦੇ ਸਿਧਾਂਤਾਂ ਅਨੁਸਾਰ ਅਹਿੰਸਾ, ਜੈਨ ਧਰਮ ਅਤੇ ਸਾਹਿਤ ਨੂੰ ਸਮਰਪਿਤ ਸੀ। ਆਪ ਖੁਦ ਪੜ੍ਹੇ ਸਨ, ਆਪਣੇ ਚੇਲਿਆਂ ਨੂੰ ਅਤੇ ਹੋਰ ਜਗਿਆਸੂਆਂ ਨੂੰ ਗਿਆਨ ਦੇਣ ਵਿਚ ਤਤਪਰ ਰਹਿੰਦੇ ਸਨ।

ਅੰਬਾਲਾ ਸ਼ਹਿਰ ਵਿਖੇ 15 ਦਿਨ ਦੇ ਸੰਥਾਰੇ ਤੋਂ ਬਾਅਦ ਆਪ ਨੂੰ ਜੈਨ ਧਰਮ ਅਨੁਸਾਰ ਸਮਾਧੀ ਮਰਣ ਦੀ ਪ੍ਰਾਪਤੀ ਹੋਈ। ਆਪ ਦੀ ਯਾਦ ਵਿਚ ਆਪ ਦੀਆਂ ਪ੍ਰਮੁੱਖ ਚੇਲੀਆਂ ਉਪ-ਪਰਵਰਤਨੀ ਸਾਧਵੀ ਸ਼੍ਰੀ ਰਾਜਕੁਮਾਰੀ ਜੀ ਮਹਾਰਾਜ ਅਤੇ ਸਰਲਾਤਮਾ ਸ਼੍ਰੀ ਸੁਧਾ ਜੀ ਮਹਾਰਾਜ ਦੀ ਪ੍ਰੇਰਣਾ ਨਾਲ ਆਦਿਸ਼ਵਰ ਧਾਮ ਕੁੱਪ ਕਲਾਂ, ਗਿੱਦੜਬਾਹਾ, ਹਨੂੰਮਾਨਗੜ੍ਹ, ਬਰਨਾਲਾ ਆਦਿ ਸਥਾਨਾਂ ਤੇ ਅਨੇਕਾਂ ਸੰਸਥਾਵਾਂ ਦਾ ਨਿਰਮਾਣ ਹੋਇਆ ਹੈ ਜਿੰਨ੍ਹਾਂ ਵਿਚ ਕਾਲਜ, ਲਾਇਬ੍ਰੇਰੀਆਂ ਪ੍ਰਮੁੱਖ ਹਨ। ਆਪ ਦੀਆਂ ਸਾਰੀਆਂ ਚੇਲੀਆਂ ਆਪ ਜੀ ਵੱਲੋਂ ਆਰੰਭੇ ਕਾਰਜਾਂ ਨੂੰ ਅੱਗੇ ਵਧਾ ਰਹੀਆਂ ਹਨ।